ISSN: 2584-0509


# ਹਨੇਰੇ ਵਿਚ ਸੁਲਗਦੀ ਵਰਣਮਾਲਾ: ਤਣਾਉ ਅਤੇ ਬੋਧ



ਡਾ.ਦੇਵਿੰਦਰ ਸੈਫ਼ੀ
+91 94178-26954

ਆਧੁਨਿਕ ਪੰਜਾਬੀ ਕਾਵਿ-ਮੰਡਲ ਵਿਚ ਜਦੋਂ ਪਾਤਰ-ਕਾਵਿ ਉਦੈ ਹੋ ਰਿਹਾ ਹੁੰਦਾ ਹੈ ਉਸ ਵੇਲੇ ਪ੍ਰਗਤੀਵਾਦੀ ਕਾਵਿਧਾਰਾ ਅੱਧੋਗਤੀ ਵੱਲ ਜਾ ਰਹੀ ਸੀ, ਇਸਦੇ ਟਾਕਰੇ 'ਤੇ ਉੱਠੀ ਪ੍ਰਯੋਗਸ਼ੀਲ ਕਾਵਿਧਾਰਾ ਆਪਣੇ ਪੈਰ ਛੱਡ ਰਹੀ ਸੀ, ਜੁਝਾਰਵਾਦੀ ਕਵਿਤਾ ਆਪਣਾ ਜਲਵਾ ਬਿਖੇਰ ਤਾਂ ਰਹੀ ਸੀ, ਪਰ ਪਾਸ਼ ਜੇਹੀ ਵਿਚਾਰਧਾਰਕ ਪੁਖ਼ਤਗੀ ਅਤੇ ਰਚਨਾਤਮਕ ਮੌਲਿਕਤਾ ਬਹੁਤ ਘੱਟ ਕਵੀਆਂ ਵਿਚ ਨਜ਼ਰ ਆ ਰਹੀ ਸੀ। ਇਸੇ ਸਮੇਂ ਸ਼ਿਵ ਕੁਮਾਰ ਦੀ ਰੁਮਾਂਸਧਾਰਾ, ਹਰਿਭਜਨ ਸਿੰਘ ਦੀ ਸੁਹਜੀਲੀ ਸੰਵੇਦਨਾ ਤੇ ਜਸਵੰਤ ਸਿੰਘ ਨੇਕੀ ਦੀ ਰਹੱਸਧਾਰਾ ਪ੍ਰਗੀਤਾਂ ਰਾਹੀਂ ਆਪਣੀ ਸਿਖ਼ਰ ਛੂਹ ਰਹੀ ਸੀ।

ਸੁਰਜੀਤ ਪਾਤਰ ਦੀ ਸਿਰਜਣਾਤਮਕ ਸੰਵੇਦਨਾ ਇਸ ਸਾਰੇ ਆਲਮ ਦਾ ਨਿਰੀਖਣ ਕਰ ਰਹੀ ਸੀ। ਉਸ ਅੰਦਰਲੀ ਕਾਵਿ ਯੋਗਤਾ ਮੌਲਿਕ ਧਰਾਤਲ ਦੀ ਤਲਾਸ਼ ਵਿਚ ਸੀ ਜੋ ਕੇਵਲ ਤੇ ਕੇਵਲ ਕਾਵਿ ਪ੍ਰਤਿਭਾ ਦੀ ਵਿਲੱਖਣ ਉਚਾਈ ਤੇ ਡੂੰਘਾਈ ਦੁਆਰਾ ਹੀ ਪ੍ਰਦਾਨ ਹੋ ਸਕਦਾ ਸੀ। ਉਸਨੂੰ ਮੌਲਿਕ ਅਨੁਭਵ ਅਤੇ ਵਿਲੱਖਣ ਸੁਰ ਅਪਨਾਉਣ ਦੀ ਜ਼ਰੂਰਤ ਸੀ। ਇਹ ਸਭ ਉਸ ਬੋਧ ਵਿੱਚੋਂ ਹੀ ਉਦੈ ਹੋ ਸਕਦਾ ਸੀ ਜੋ ਅਨੁਭਵੀ ਗਿਆਨ ਅਤੇ ਸਿਧਾਂਤਕ ਚਿੰਤਨ-ਮੰਥਨ ਰਾਹੀਂ ਸਧਿਆ ਹੋਵੇ, ਜਿਸਦੀ ਜ਼ਮੀਨ ਅਤਿਅੰਤ ਜਰਖ਼ੇਜ਼ ਹੋਵੇ, ਜਿਸ ਦੀ ਅਹਿਸਾਸ-ਸਮਰੱਥਾ ਅਤਿਅੰਤ ਸੂਖਮ ਹੋਵੇ ਜਿਸ ਪਾਸ ਸੰਸਕ੍ਰਿਤਕ, ਇਤਿਹਾਸਿਕ ਅਤੇ ਤਤਕਾਲੀ ਮੁਖ਼ਤਲਿਫ਼ ਵਰਤਾਰਿਆਂ ਸੰਗ ਸੰਵਾਦ ਰਚਾਉਣ ਦੀ ਤਾਰਕਿਕ ਸਮਰੱਥਾ ਹੋਵੇ, ਜਿਸ ਪਾਸ ਆਪਣੇ ਦੌਰ ਦੀ ਘੁਟਨ ਦਬਾਅ ਤੇ ਖੰਡਿਤਾ ਦੀਆਂ ਜੜ੍ਹਾਂ ਫਰੋਲਣ ਦੀ ਮੌਲਿਕ ਵਿਧੀ ਤੇ ਨੀਝ ਹੋਵੇ।

ਜਦੋਂ ਸੁਰਜੀਤ ਪਾਤਰ ਕਾਵਿ ਧਰਾਤਲ ਉੱਪਰ ਆਪਣਾ ਬੋਧ-ਕਦਮ ਰੱਖਦਾ ਹੈ ਤਾਂ ਆਲਮੀ ਪੱਧਰ 'ਤੇ ਡੇਕਾਰਟੇ ਦੇ ਬੁੱਧੀਵਾਦ, ਹਿਊਮ ਦੇ ਅਨੁਭਵਵਾਦ, ਕਾਂਟ ਦੇ ਤਰਕਵਾਦ, ਹੀਗਲ ਦੇ ਆਦਰਸ਼ਕ ਦਵੰਦਵਾਦ, ਮਾਰਕਸ ਦੇ ਭੌਤਿਕ ਦਵੰਦਵਾਦ, ਡਾਰਵਿਨ ਦੇ ਵਿਕਾਸਵਾਦ, ਆਈਨਸਟਾਈਨ ਦੇ ਸਾਪੇਖਤਾ ਸਿਧਾਂਤ, ਫਰਾਇਡ ਦੇ ਮਨੋਵਿਸ਼ਲੇਸ਼ਣ ਅਤੇ ਕਾਮੂ ਸਾਰਤਰ ਹੋਰਾਂ ਦੇ ਅਸਤਿਤਵਵਾਦ ਦੇ ਪ੍ਰਭਾਵ ਤਹਿਤ ਆਧੁਨਿਕਵਾਦੀ ਗਿਆਨਕਰਨ ਦਾ ਜਲੌਅ ਸਿਖ਼ਰਾਂ 'ਤੇ ਸੀ। ਬੇਸ਼ੱਕ ਵਿਕਸਤ ਦੇਸ਼ਾਂ ਵਿਚ ਉਤਰਆਧੁਨਿਕਤਾ ਦੀ ਗੱਲ ਵੀ ਚੱਲ ਪਈ ਸੀ ਪਰ ਵਿਕਾਸਸ਼ੀਲ ਦੇਸ਼ਾਂ ਵਿਚ ਮਹਾਂਬਿਰਤਾਂਤਾਂ ਤੇ ਆਦਰਸ਼ਾਂ ਆਸਰੇ ਨਵ-ਜਾਗ੍ਰਤੀ ਦੀਆਂ ਵਡੇਰੀਆਂ ਆਸਾਂ

ਬਰਕਰਾਰ ਸਨ।

ਸੁਰਜੀਤ ਪਾਤਰ ਦੀ ਸੁਚੇਤਨਾ ਨੇ ਇਸ ਸਾਰੇ ਵਰਤਾਰੇ ਨੂੰ ਡੂੰਘਾਈ ਨਾਲ ਦੇਖਦਿਆਂ, ਵਾਚਦਿਆਂ ਹੋਇਆਂ ਜਿਸ ਦੁਬਿਧਾ, ਘੁਟਣ, ਪੀੜਾ, ਉਦਾਸੀ ਨੂੰ ਆਪਣੀ ਸਿਰਜਣਸ਼ੀਲਤਾ ਦਾ ਹਿੱਸਾ ਬਣਾਇਆ, ਉਹ ਤਤਕਾਲੀ ਤਨਾਉਸ਼ੀਲ ਜੀਵਨ ਦੀ ਅਟੱਲ ਸੱਚਾਈ ਸੀ। ਇਸ ਸੱਚਾਈ ਨੂੰ ਚਿਤਰਤ ਕਰਨ ਲਈ ਉਹ ਜਿਸ ਕੈਨਵਸ ਉਪਰ ਕਾਵਿ-ਮੁਸੱਵਰੀ ਕਰਦਾ ਹੈ, ਉਹ ਅਤਿਅੰਤ ਮੌਲਿਕ, ਸਜੀਵ ਤੇ ਜੀਵੰਤ ਹੈ। ਪੰਜਾਬ ਦੀ ਸਥਾਨਕ ਧਰਾਤਲੀ ਸਥਿਤੀ, ਰਾਜਸੀ ਘੁਟਨ, ਆਰਥਿਕ ਸੰਕਟ, ਪੰਜਾਬੀ ਬੰਦੇ ਦਾ ਸ਼ਹਿਰੀ ਰੂਪਾਂਤਰ, ਸਮੁੰਦਰੋਂ ਪਾਰਲੀ ਹਿਜ਼ਰਤੀ ਤਾਂਘ ਦੇ ਵਰਤਾਰੇ ਉਸਨੂੰ ਨਿਰੰਤਰ ਚਿੰਤਨ ਲਈ ਹਲੂਣਦੇ ਰਹੇ। ਮਾਨਵੀ ਹੋਂਦ ਦੀ ਖੰਡਿਤ ਸਥਿਤੀ ਉਸਨੂੰ ਬੇਚੈਨ ਕਰਦੀ ਰਹੀ, ਮਾਨਵੀ ਮਨ ਦੇ ਅੰਦਰਲੀ ਚੇਤਨ ਅਵਚੇਤਨ ਦੀ ਜੱਦੋਜਹਿਦ ਦਾ ਉਹ ਨਿਰੰਤਰ ਨਿਰੀਖਣ ਕਰਦਾ ਰਿਹਾ।

ਇਸ ਸਾਰੀ ਸਥਿਤੀ ਨੂੰ ਮਰਮੱਗ ਸ਼ਬਦ ਜੁਗਤ ਰਾਹੀਂ ਅਭਿਵਿਅਕਤ ਕਰਦਾ ਉਹ 'ਹਵਾ ਵਿਚ ਲਿਖੇ ਹਰਫ਼', 'ਬਿਰਖ਼ ਅਰਜ਼ ਕਰੇ', 'ਹਨੇਰੇ ਵਿਚ ਸੁਲਗਦੀ ਵਰਣਮਾਲਾ', 'ਲਫ਼ਜ਼ਾਂ ਦੀ ਦਰਗਾਹ', 'ਪੱਤਝੜ ਦੀ ਪਾਜ਼ੇਬ', 'ਸੁਰ ਜ਼ਮੀਨ', 'ਚੰਨ ਸੂਰਜ ਦੀ ਵਹਿੰਗੀ' ਕਵਿਤਾਵਾਂ ਤੇ ਗ਼ਜ਼ਲਾਂ ਦੀਆਂ ਪੁਸਤਕਾਂ ਪ੍ਰਕਾਸ਼ਿਤ ਕਰਾਉਂਦਾ ਹੈ। 'ਸੂਰਜ ਮੰਦਰ ਦੀਆਂ ਪੌੜੀਆਂ' ਕਵਿਤਾ ਵਰਗੀ-ਵਾਰਤਕ ਪੁਸਤਕ ਹੈ। ਇਸਦੇ ਇਲਾਵਾ ਉਸਨੇ ਵਿਸ਼ਵ ਪੱਧਰ ਦੇ ਨਾਟਕਾਂ ਦਾ ਪੰਜਾਬੀ ਰੂਪਾਂਤਰਨ ਕਰਕੇ 'ਅੱਗ ਦੇ ਕਲੀਰੇ', 'ਸ਼ਹਿਰ ਮੇਰੇ ਦੀ ਪਾਗਲ ਔਰਤ', 'ਫ਼ਿਦਾ', 'ਸਈਓ ਨੀ ਮੈਂ ਅੰਤਹੀਣ ਤਰਕਾਲਾਂ', 'ਹੁਕਮੀ ਦੀ ਹਵੇਲੀ' ਪੁਸਤਕਾਂ ਪ੍ਰਕਾਸ਼ਿਤ ਕਰਵਾਈਆਂ।

ਪਾਤਰ ਦੇ ਨਜ਼ਮ-ਸੰਸਾਰ ਉਪਰ ਧਿਆਨ ਕੇਂਦਰਿਤ ਕਰੀਏ ਤਾਂ ਇਸ ਨਾਲ ਸੰਬੰਧਿਤ ਮੁਕੰਮਲ ਪੁਸਤਕ 'ਹਨੇਰੇ ਵਿਚ ਸੁਲਗਦੀ ਵਰਣਮਾਲਾ' 1992 ਵਿਚ ਪ੍ਰਕਾਸ਼ਤ ਹੋਈ। ਇਸ ਵਿਚ ਛੋਟੀਆਂ-ਵੱਡੀਆਂ ਨਜ਼ਮਾਂ ਤੋਂ ਇਲਾਵਾ ਸ਼ੁੱਧ ਪ੍ਰਗੀਤ ਅਤੇ ਕੁਝ ਕੁ ਗ਼ਜ਼ਲਾਂ ਵੀ ਸ਼ਾਮਲ ਹਨ। ਇਸ ਪੁਸਤਕ ਅੰਦਰ ਪ੍ਰਵੇਸ਼ ਕਰਨ ਲਈ ਇਸ ਦੀ ਸੰਰਚਨਾ ਦੀਆਂ ਨੀਹਾਂ ਵਿਚ ਪਏ ਤਣਾਉ-ਨੇਮਾਂ ਸੰਗ ਸਾਂਝ ਪਾਉਣ ਦੀ ਜ਼ਰੂਰਤ ਹੈ। ਇਹ ਸਾਂਝ ਪਾਤਰ-ਕਾਵਿ ਦੀ ਗਹਿਰੀ ਰਮਜ਼ ਤੀਕ ਅਪੜਨ ਲਈ ਵਿਸ਼ੇਸ਼ ਮੱਦਦਗਾਰ ਸਾਬਤ ਹੋ ਸਕਦੀ ਹੈ।

'ਤਣਾਉ ' ਸ਼ਬਦ ਚਾਹੇ ਸਧਾਰਨ ਬੋਲਚਾਲ ਵਿਚ ਵਰਤਿਆ ਜਾਣ ਵਾਲਾ ਸਧਾਰਨ ਸ਼ਬਦ ਹੈ ਪਰ ਇਹ ਸ਼ਬਦ ਇਕ ਨੇਮ ਵਜੋਂ ਪੂਰੀ ਕਾਇਨਾਤ ਅਤੇ ਦਰਸ਼ਨ ਦੀ ਅਧਾਰਸ਼ਿਲਾ ਹੈ।

ਹੀਗਲ ਤੇ ਮਾਰਕਸ ਵਿਚਕਾਰ ਮੱਤਭੇਦ ਦਵੰਦ ਦੀ ਕਿਸਮ ਬਾਰੇ ਹਨ, ਦਵੰਦ ਦੀ ਹੋਂਦ ਬਾਰੇ ਨਹੀਂ। ਵਿਕਾਸਵਾਦ, ਸਾਪੇਖਤਾ, ਮਨੋਵਿਸ਼ਲੇਸ਼ਣ, ਅਸਤਿਤਵਵਾਦ ਅਤੇ ਪੂਰਾ ਅਧਿਆਤਮ ਸ਼ਾਸਤਰ ਏਸੇ ਨੇਮ ਉਪਰ ਉੱਸਰੇ ਨਜ਼ਰ ਆਉਂਦੇ ਹਨ। ਸਿਰਜਣਾਤਮਕ ਸ਼ਬਦ-ਮੰਡਲ ਵੀ ਇਸ ਨੇਮ ਨੂੰ ਅਟੱਲ ਸੱਚਾਈ ਵਾਂਗ ਧਾਰਨ ਕਰਦਾ ਹੈ। ਕਿਸੇ ਉਚੇਰੀ ਕਾਵਿ-ਜੁਗਤ ਦੀ ਸੁਚੱਜਤਾ ਅਹਿਸਾਸਣ ਲਈ ਉਸ ਵਿਚ ਮੌਜੂਦ ਤਨਾਉ-ਸੰਸਾਰਾਂ ਦੀ ਰਮਜ਼ ਤਲਾਸ਼ਣੀ ਸੁਹਾਵਣੀ ਫ਼ਲਦਾਈ ਬੋਧ-ਪ੍ਰਕਿਰਿਆ ਸਿੱਧ ਹੋ ਸਕਦੀ ਹੈ। ਇਸ ਰਾਹੀਂ ਕਿਸੇ ਕਾਵਿ-ਸੰਰਚਨਾ ਦੇ ਪਰਵੇਸ਼ ਮਾਰਗਾਂ ਵੱਲ ਮੁੱਲਵਾਨ ਇਸ਼ਾਰੇ ਕੀਤੇ ਜਾ ਸਕਦੇ ਹਨ। ਉਹ ਤਣਾਉ ਜੋ ਸੁਰਜੀਤ ਪਾਤਰ ਦੀ ਕਾਵਿ-ਇਮਾਰਤ ਦੇ ਮੂਲ ਸਤੰਭ ਬਣੇ ਨਜ਼ਰ ਆਉਂਦੇ ਹਨ, ਉਹਨਾਂ ਦੀ ਵਰਗ-ਵੰਡ ਕਰਦੇ ਹਾਂ --

ੳ. ਐਲਨਟੇਟ ਦੁਆਰਾ ਸੰਕਲਪਤ ਤਣਾਉ

ਅ. ਸਿਰਜਣਾਤਮਕ ਸਥਿਤੀ-ਸੰਵਾਦ ਤਣਾਉ

ੲ. ਮਾਨਵੀ ਅਸਤਿੱਤਵ ਬੋਧਕ ਤਣਾਉ

ਸ. ਸਿਸਟਮੀ-ਸੰਵੇਦਨੀ ਟਕਰਾਹਟ ਤਣਾਉ

ਉਕਤ ਵਿੱਚੋਂ ਪ੍ਰਥਮ 'ਤਣਾਉ' ਇਕ ਕਾਵਿ-ਸ਼ਾਸਤਰੀ ਸੰਕਲਪ ਹੈ ਅਤੇ ਬਾਕੀ ਤਿੰਨ ਕਿਸੇ ਕਵੀ ਦੀ ਵਿਸ਼ੇਸ਼ ਸਥਿਤੀ, ਸਾਮੱਗਰੀ ਤੇ ਚਿੱਤ ਦਿਸ਼ਾ ਸੰਗ ਜੁੜੇ ਕਿਰਿਆਵੀ-ਪ੍ਰਤਿਕਿਰਿਆਵੀ ਸਿਧਾਂਤਕ ਵਿਹਾਰਕ ਸੱਚ ਹਨ। ਪ੍ਰਥਮ ਤਨਾਉ-ਨੇਮ ਦੀ ਹਾਜ਼ਰੀ ਕਿਸੇ ਕਾਵਿ ਦੀ ਰੂਪਗਤ ਤੇ ਧੁਨੀਗਤ ਉਚਿਆਈ-ਵਡਿਆਈ ਦੀ ਬੋਧਕ ਬਣ ਜਾਂਦੀ ਹੈ। ਇਸੇ ਲਈ ਇਸ ਤਨਾਉ-ਨੇਮ ਨੂੰ ਇਕ ਕਸਵੱਟੀ ਵਾਂਗ ਕਿਸੇ ਵੀ ਕਾਵਿ-ਪਰਖ ਲਈ ਵਰਤਿਆ ਜਾ ਸਕਦਾ ਹੈ ਪਰ ਦੂਸਰੇ ਤਨਾਉ-ਵਰਗ ਕਿਸੇ ਕਵੀ ਦੀ ਧਰਾਤਲੀ ਜੁੜਤ, ਸਮਕਾਲੀਨ ਸੋਝੀ, ਗਿਆਨ ਪਰੰਪਰੀ ਪਹੁੰਚ, ਸੰਵੇਦਨਾਤਮਕ ਗਹਿਰਾਈ ਅਤੇ ਸਿਰਜਣਾਤਮਕ ਬੋਧ ਵਾਲੀ ਨਿਵੇਕਲੀ ਤਰਬੀਅਤ ਨਾਲ ਸੰਬੰਧਿਤ ਵਿਅਕਤੀਗਤ ਰਚਨਾਵੀ-ਨੇਮ ਹੋ ਸਕਦੇ ਹਨ। ਇਹਨਾਂ ਨੇਮਾਂ/ਵਰਗਾਂ ਸੰਗ ਕ੍ਰਮਵਾਰ ਨਾਤਾ ਜੋੜਦੇ ਹੋਏ ਪਾਤਰ-ਕਾਵਿ ਦੇ ਅੰਤਹਕਰਨ ਤੱਕ ਪਹੁੰਚ ਬਣਾਵਾਂਗੇ।

**ੳ). ਐਲਨਟੇਟ ਦੁਆਰਾ ਸੰਕਲਪਤ 'ਤਣਾਉ ':**

ਅਮਰੀਕੀ ਨਵ-ਆਲੋਚਕ ਐਲਨਟੇਟ ਨੇ ਆਪਣੇ ਸਿੱਧਾਂਤਕ-ਪ੍ਰਵਚਨ "ਟੈਨਸ਼ਨ ਇਨ ਪੋਇਟਰੀ" (Tension In Poetry) ਰਾਹੀਂ ਆਪਣਾ ਜੋ ਤਣਾਉ-ਸੰਕਲਪ ਪੇਸ਼ ਕੀਤਾ ਹੈ,

ਉਹ ਸਾਹਿਤ-ਚਿੰਤਨ ਅਨੁਸ਼ਾਸਨ ਵਿਚ ਕਾਵਿ-ਸਿਧਾਂਤ ਵਜੋਂ ਪਰਵਾਨਿਆ ਗਿਆ। ਇਸ ਸਿੱਧਾਂਤ ਦੇ ਸ਼ਬਦ-ਸੰਕਲਪ 'Tension' ਸਬੰਧੀ ਯਾਦ ਰੱਖਣਯੋਗ ਗੱਲ ਇਹ ਹੈ ਕਿ ਐਲਨਟੇਟ ਨੇ ਇਹ ਸ਼ਬਦ-ਸੰਕਲਪ ਸ਼ਬਦਕੋਸ਼ ਵਾਲੇ ਧਾਰਨਾਗਤ ਅਰਥਾਂ ਵਜੋਂ ਗ੍ਰਹਿਣ ਨਹੀਂ ਕੀਤਾ ਬਲਕਿ ਐਕਸਟੈਨਸ਼ਨ (Extension) ਅਤੇ ਇਨਟੈਨਸ਼ਨ (Intension) ਸ਼ਬਦਾਂ ਦੇ ਅੱਗਿਓਂ ਐਕਸ (Ex) ਅਤੇ ਇੰਨ (In) ਹਟਾ ਕੇ ਵਰਤਿਆ ਹੈ। ਉਸਦੀ ਇਸ ਘਾੜਤ ਵਿੱਚ ਹੀ ਇਸ ਸ਼ਬਦ ਸੰਗ ਜੁੜੇ ਉਸਦੇ ਭਾਵ ਪਏ ਹਨ। ਦੋ ਸ਼ਬਦਾਂ ਦਾ ਮੂਹਰਲਾ ਹਿੱਸਾ ਛਾਂਗ ਕੇ ਉਹ ਪਿੱਛੇ ਬਚੀ ਦੋਹਾਂ ਸ਼ਬਦਾਂ ਦੀ ਹੋਂਦ ਨੂੰ ਸੰਮਿਲਤ ਕਰ ਕੇ ਪੇਸ਼ ਕਰ ਰਿਹਾ ਹੈ। ਇਸ ਪ੍ਰਕਿਰਿਆ ਰਾਹੀਂ ਉਸਦੀ ਉਹ ਭਾਵਨਾ ਤਰੰਗਿਤ ਹੋ ਰਹੀ ਹੈ ਜਿਹੜੀ ਕਵਿਤਾ ਵਿੱਚ ਪਏ ਕੋਸ਼ਗਤ ਅਰਥਾਂ ਅਤੇ ਅੰਤਰੀਵੀ ਅਰਥਾਂ ਵਿਚਕਾਰ ਅੰਤਿਮ ਸੀਮਾ ਤੱਕ ਸੁਮੇਲ ਲਈ ਤਾਂਘਦੀ ਹੈ। ਐਲਨਟੇਟ ਸਥੂਲ ਵਸਤੂਗਤ ਤਾਰਕਿਕ ਅਰਥਾਂ ਅਤੇ ਰੂਪਕੀ/ਲਖਸ਼ਣੀ ਅਰਥਾਂ ਵਿਚਕਾਰਲੀ ਸੰਤੁਲਨ ਸਿਰਜਣਾ ਨੂੰ ਹੀ ਕਿਸੇ ਕਾਵਿ-ਕਿਰਤ ਦੀ ਪੂਰਨਤਾ ਵਜੋਂ ਵੇਖਦਾ ਹੈ। ਇਹ ਵੀ ਤੱਥ ਹੈ ਕਿ ਉਹ ਹੋਰਨਾਂ ਕਾਵਿ-ਗੁਣਾਂ ਜਾਂ ਤੱਤਾਂ ਦੀ ਅਹਿਮੀਅਤ ਨੂੰ ਰੱਦ ਨਹੀਂ ਕਰਦਾ, ਪਰ ਵਧੀਕ ਜ਼ਰੂਰੀ ਤੇ ਕੇਂਦਰੀ ਮੁੱਲ Tension ਦਾ ਹੀ ਸਥਾਪਦਾ ਹੈ। ਐਕਸਟੈਨਸ਼ਨ ਵਧੀਕ ਵਿਦਵਤਾ ਭਰਪੂਰ ਵੀ ਹੋ ਸਕਦੀ ਹੈ, ਵਧੀਕ ਰੂਪਕੀ ਸ਼ਿੰਗਾਰ ਵਾਲ਼ੀ ਵੀ ਹੋ ਸਕਦੀ ਹੈ। ਇਹ ਵਿਸਥਾਰ ਕਵੀ-ਰਮਜ਼ ਦੇ ਨਜ਼ਦੀਕ ਲਿਜਾਣ ਵਾਲ਼ਾ ਸੁਹਾਵਣਾ ਅਹਿਸਾਸ ਵੀ ਹੋ ਸਕਦਾ ਹੈ ਤੇ ਧੁੰਦਲਕਾ ਪੈਦਾ ਕਰਨ ਵਾਲ਼ਾ ਵਾਧੂ ਭਾਰ ਵੀ। ਕਵੀ ਦੀ ਪ੍ਰਤਿਭਾ ਇਸ ਵਿੱਚ ਕਿਵੇਂ ਭੂਮਿਕਾ ਨਿਭਾ ਰਹੀ ਹੈ , ਇਸ ਨੁਕਤੇ ਵਿੱਚ ਹੀ ਇਸ ਸਿੱਧਾਂਤ ਦੀ ਅਹਿਮੀਅਤ ਛੁਪੀ ਹੈ। ਮੂਲ ਗੱਲ ਕਵੀ ਦੀ ਪ੍ਰਤਿਭਾ ਦੁਆਰਾ ਨਿਰਮਤ ਕੀਤੇ ਜਾਣ ਵਾਲੇ ਲਖਸ਼ਣੀ ਭਾਵ- ਬੋਧਕ ਅਰਥਾਂ ਦੇ ਉਘਾੜ ਦੀ ਹੈ । ਐਲਨਟੇਟ ਕਿਸੇ ਕਾਵਿ-ਰਚਨਾ ਦੀ ਪਕਿਆਈ, ਉਚਿਆਈ ਤੇ ਵਡਿਆਈ ਨੂੰ ਇਸੇ ਉਘਾੜ ਦੀ ਸੰਤੁਲਨ - ਪ੍ਰਕਿਰਿਆ ਨਾਲ ਸੰਬੰਧਿਤ ਕਰਦਾ ਹੈ।[1]

ਇਹ ਤਣਾਉ - ਯੋਗਤਾ ਸੁਰਜੀਤ ਪਾਤਰ ਦੇ ਬਹੁਤੇ ਕਾਵਿ ਦੀ ਖ਼ਾਸੀਅਤ ਰਹੀ ਹੈ। ਇਸੇ ਸਦਕਾ ਜਟਿਲ ਗਿਆਨ ਵਾਲਾ ਅਧਿਏਤਾ ਉਸਦੀਆਂ ਜਿਨ੍ਹਾਂ ਸਤਰਾਂ ਨੂੰ ਚਿੰਤਨੀ ਨੁਕਤੇ ਤੋਂ ਜਟਿਲਤਾ ਸਹਿਤ ਕੋਡ ਕਰਦਾ ਹੈ ਉਨ੍ਹਾਂ ਨੂੰ ਹੀ ਜਨ ਸਧਾਰਨ ਆਪਣੀ ਕਿਸੇ ਗੱਲ ਨੂੰ ਸਿੱਧ ਆਪਣੀ ਪੁਸ਼ਟੀ - ਧਿਰ ਬਣਾ ਕੇ ਟੋਟਕੇ ਵਜੋਂ ਬੋਲ ਰਿਹਾ ਹੁੰਦਾ ਹੈ । ਇਸ ਯੋਗਤਾ ਦੇ ਸਨਮੁੱਖ ਹੋਣ ਲਈ ਇਕ ਛੋਟੀ ਜਿਹੀ ਕਵਿਤਾ ਦੀ ਮਿਸਾਲ ਲਈ ਜਾ ਸਕਦੀ ਹੈ :

ਮਾਤਮ
ਹਿੰਸਾ
ਖੌਫ਼
ਬੇਬਸੀ
ਤੇ ਅਨਿਆਂ
ਇਹ ਨੇ ਅੱਜਕੱਲ੍ਹ ਮੇਰੇ ਦਰਿਆਵਾਂ ਦੇ ਨਾਂ[2]

ਇਸ ਕਵਿਤਾ ਵਿਚ ਆਏ ਭਾਵਵਾਚਕੀ ਨਾਂਵ/ਸ਼ਬਦ ਮਾਤਮ, ਹਿੰਸਾ, ਖੌਫ਼, ਬੇਬਸੀ, ਅਨ੍ਹਿਆਂ ਸਧਾਰਨ ਜੀਵਨ-ਸ਼ੈਲੀ ਵਿਚ ਨਿਤਾਪ੍ਰਤੀ ਵਰਤੇ ਜਾਣ ਵਾਲੇ ਸੰਕਲਪ ਹਨ। ਇਹਨਾਂ ਦੇ ਕੋਸ਼ਗਤ/ਵਸਤੂਗਤ ਅਰਥਾਂ ਤੋਂ ਜਨਸਧਾਰਨ ਭਲੀਭਾਂਤ ਵਾਕਫ਼ ਹੈ। ਕਵਿਤਾ ਦੀ ਆਖਰੀ ਸਤਰ ਵਿਚ ਆਏ ਨਾਂਵ "ਦਰਿਆਵਾਂ" ਦੇ ਕੋਸ਼ਗਤ/ਵਸਤੂਗਤ ਅਰਥ ਵੀ ਹਰ ਪੰਜਾਬੀ ਸਹਿਜੇ ਹੀ ਜਾਣਦਾ ਹੈ। ਦੋਹਾਂ ਤਰ੍ਹਾਂ ਦੀਆਂ ਸ਼ਬਦ ਸ਼੍ਰੇਣੀਆਂ ਵਿਚਕਾਰ ਦੋ ਚਾਰ ਵਿਸ਼ੇਸ਼ਣ ਤੇ ਪੜਨਾਂਵ ਵਰਤ ਕੇ ਅਜਿਹਾ ਸੰਤੁਲਤ ਨਾਤਾ ਸਿਰਜਿਆ ਗਿਆ ਕਿ ਸਾਰੇ ਦੇ ਸਾਰੇ ਸ਼ਬਦ/ਨਾਂਵ (ਵਸਤੂਵਾਚਕ ਤੇ ਭਾਵਵਾਚਕ) ਆਪਣੇ ਆਪਣੇ ਸੰਸਾਰਾਂ, ਸਮੂਹਾਂ, ਸ਼੍ਰੇਣੀਆਂ ਅਤੇ ਘਟਨਾ ਸਥੱਲੀ ਸੀਮਾਵਾਂ ਤੋਂ ਪਾਰ ਹੋ ਤਤਕਾਲੀ ਸਮਾਜਿਕ-ਰਾਜਨੀਤਕ ਉਥਲ ਪੁਥਲ ਅਤੇ ਉਸ ਤੋਂ ਉਪਜੀ ਮਨੋਸੰਸਾਰਾਂ ਦੀ ਭਿਆਨਕਤਾ ਦਾ ਅਜਬ ਦ੍ਰਿਸ਼ ਸਿਰਜਣ ਦੇ ਸਮਰੱਥ ਹੋ ਗਏ। ਅਜਿਹਾ ਤਣਾਉ-ਜਲਵਾ ਪਾਤਰ-ਕਾਵਿ ਵਿਚ ਵਾਰ ਵਾਰ ਵਾਪਰਦਾ ਹੈ। ਇਸ ਬਾਰੇ ਉਸਦੀਆਂ ਹਲਫ਼ੀਆ ਨੁਮਾ ਸਤਰਾਂ ਵਿੱਚੋਂ ਵੀ ਅਹਿਸਾਸਿਆ ਜਾ ਸਕਦਾ ਹੈ :

ਇਹ ਕਵਿਤਾ ਕੁਝ ਵੀ ਨਹੀਂ
ਤਪਦੀ ਹਉਮੈ ਦਾ ਸੁਰਬੱਧ ਸੰਤਾਪ ਹੈ
ਇਕ ਵਿਯੋਗੇ ਮਨ ਦਾ ਵਿਰਲਾਪ ਹੈ (ਹਨੇਰੇ ਵਿਚ ਸੁਲਗਦੀ ਵਰਣਮਾਲਾ, ਪੰਨਾ 10

ਸੰਤਾਪ ਨੂੰ ਗੀਤ ਬਣਾ ਲੈਣਾ
ਮੇਰੀ ਮੁਕਤੀ ਦਾ ਰਾਹ ਤਾਂ ਹੈ
ਜੇ ਹੋਰ ਨਹੀਂ ਹੈ ਦਰ ਕੋਈ

ਇਹ ਲਫ਼ਜ਼ਾਂ ਦੀ ਦਰਗਾਹ ਤਾਂ ਹੈ

ਲਫ਼ਜ਼ਾਂ ਦੀ ਦਰਗਾਹ, ਪੰਨਾ 19

ਤਪਦੀ ਹਉਮੈ ਤੇ ਵਿਯੋਗੇ ਮਨ ਦੀਆਂ ਖਿੱਚੋਤਾਣਾਂ ਤੇ ਵਿਸੰਗਤੀਆਂ ਦੇ ਆਪਣੇ-ਆਪਣੇ ਵਡੇਰੇ ਸੰਸਾਰ ਹੁੰਦੇ ਹਨ | ਇਹਨਾਂ ਦੀ ਅਸਲ ਸੰਸਾਰ ਵਿਚ ਕਿਧਰੇ ਕੋਈ ਤਰਤੀਬ ਨਹੀਂ ਮਿਲਦੀ ਪਰ ਕਵੀ ਇਸ ਸਾਰੇ ਸੰਤਾਪ ਤੇ ਵਿਰਲਾਪ ਦੀ ਸੁਰਬੱਧਤਾ ਨੂੰ ਆਪਣੀ ਕਵਿਤਾ ਆਖ ਰਿਹਾ ਹੈ। ਇਉਂ ਹੀ ਸੰਤਾਪ ਦਾ ਆਪਣਾ ਕਸ਼ਟਦਾਈ ਸੰਸਾਰ ਹੈ,ਗੀਤ ਦਾ ਆਪਣਾ ਸੁਹਾਣਾ ਸੰਸਾਰ ਹੈ। ਕਵੀ-ਸੰਤਾਪ ਅਤੇ ਗੀਤ-ਸੰਸਾਰ ਵਿਚਲੀ ਸੁਜੋੜਤਾ ਦੀ ਪ੍ਰਕਿਰਿਆ ਪਿੱਛੇ ਵੀ ਇੱਕ ਵਿਸ਼ੇਸ਼ ਸੰਤੁਲਤ ਬੋਧ ਦੀ ਹਾਜ਼ਰੀ ਜ਼ਰੂਰੀ ਹੁੰਦੀ ਹੈ। ਪਾਤਰ ਦੇ ਰਚਨਾਤਮਕ ਬੋਧ ਵਿੱਚ ਇਹ ਤਣਾਉ- ਰਮਜ਼ ਅਕਸਰ ਹਾਜ਼ਰ ਰਹੀ ਹੈ। ਇਸੇ ਤਣਾਉ-ਹੋਂਦ ਸਦਕਾ ਹੀ ਉਹ ਆਪਣੀ ਕਾਵਿਕਾਰੀ ਦੇ ਅਸਤਿੱਤਵ ਨੂੰ ਸ਼ਾਨਦਾਰ ਅਤੇ ਜਾਨਦਾਰ ਬਣਾ ਸਕਿਆ ਹੈ। ਇਹ ਤਣਾਉ ਜਿਹੜੀ ਸੰਤੁਲਤਾ ਤੇ ਸੁਰਬੱਧਤਾ ਦੀ ਤਵੱਕੋਂ ਕਰਦਾ ਹੈ, ਉਸ ਦੀ ਸੋਝੀ ਸਦਕਾ ਹੀ ਪਾਤਰ ਆਪਣੀ ਸ਼ਾਇਰੀ ਨੂੰ ਜਨਸਧਾਰਨ , ਵਿਸ਼ੇਸ਼ ਬੋਧਵਾਨਾਂ ਅਤੇ ਸ਼ਾਸਤਰ- ਬੁਧ-ਵਿਸ਼ੇਸ਼ਗਾਂ ਤੀਕ ਇੱਕੋ ਵੇਲ਼ੇ ਪ੍ਰਵਾਨ ਕਰਨਯੋਗ ਬਣਾ ਸਕਿਆ ਹੈ। ਇਥੇ ਇਸ ਪੱਖ ਤੋਂ ਵੀ ਸਪੱਸ਼ਟ ਹੋਣਾ ਜ਼ਰੂਰੀ ਹੈ ਕਿ ਸੁਰਜੀਤ ਪਾਤਰ ਜਾਂ ਉਸ ਪੱਧਰ ਦਾ ਕਿਸੇ ਵੀ ਭਾਸ਼ਾ ਦਾ ਕਵੀ ਐਲਨਟੇਟ ਦੁਆਰਾ ਸੰਕਲਪਤ ਕੀਤੀ ਇਸ ਤਣਾਉ-ਜੁਗਤ ਨੂੰ ਸੁਚੇਤ ਤੌਰ ਉੱਤੇ ਧਾਰਨ ਕਰਕੇ ਇਹ ਜਲੌਅ ਨਹੀਂ ਦਿਖਾਉਂਦਾ ਹੁੰਦਾ। ਇਹ ਕਿਸੇ ਸ਼ਾਇਰ ਦੀ ਕਾਵਿ-ਪ੍ਰਤਿਭਾ, ਰਚਨਾਤਮਕ ਸ਼ਕਤੀ, ਅਨੁਭਵਤਾ, ਬੋਧਾਤਮਕਤਾ, ਚੇਤੰਨਤਾ, ਵਿਸ਼ਲੇਸ਼ਣੀ ਸੋਝੀ, ਸਾਪੇਖ ਸੋਝੀ, ਅਤੇ ਅਭਿਆਸ ਸਾਧਨਾ ਦੇ ਪਹਿਲੂਆਂ ਸੰਗ ਸਮੁੱਚੇ ਤੌਰ 'ਤੇ ਜੁੜੀ ਕ੍ਰਿਸ਼ਮਈ ਅਭਿਵਿਅਕਤੀ ਹੁੰਦੀ ਹੈ। ਸੁਰਜੀਤ ਪਾਤਰ ਦੀ ਸ਼ਾਇਰੀ ਪੜ੍ਹਨ ਦੇ ਨਾਲ਼ ਨਾਲ਼ ਜਦੋਂ ਉਸਦੀ ਸ਼ਬਦ-ਸਾਧਨਾ, ਸੰਗਤ, ਸ਼ਖ਼ਸੀਅਤੀ ਵਿਕਾਸਗਤੀ ਅਤੇ ਤਰਬੀਅਤ ਸੰਗ ਜੁੜੇ ਵੇਰਵਿਆਂ, ਬਿਰਤਾਂਤਾਂ ਵਿੱਚੋਂ ਗੁਜ਼ਰਦੇ ਹਾਂ ਤਾਂ ਉਸਦੀ ਚਿੱਤਗਤ ਹੋਂਦ ਦੇ ਨਾਲ਼ ਨਾਲ਼ ਉਸਦੀ ਸਿਰਜਣਾਤਮਕ ਪ੍ਰਤਿਭਾ ਦੀ ਘਾੜਤ ਵਿੱਚ ਸ਼ਾਮਲ ਮੁਖ਼ਤਲਿਫ਼ ਪਹਿਲੂ ਵੀ ਇਸ ਸਮੁੱਚੇ ਆਲਮ ਦੀ ਵਾਕਫ਼ੀ ਵੀ ਕਰਵਾ ਦਿੰਦੇ ਹਨ।

**ਅ). ਸਿਰਜਣਾਤਮਕ ਸਥਿਤੀ-ਸੰਵਾਦ ਤਣਾਉ:**

ਇਸ ਤਣਾਉ ਦਾ ਸੰਬੰਧ ਪਾਤਰ ਦੁਆਰਾ ਆਪਣੇ ਸਮਕਾਲ ਦੀਆਂ ਲਹਿਰਾਂ, ਕਾਵਿ-ਰੂਪਾਂ, ਕਾਵਿ-ਸਾਮੱਗਰੀ, ਕਾਵਿ-ਰਚਨਾਕਾਰਾਂ ਦੇ ਸਮਾਨਾਂਤਰ ਉਸਾਰੀ ਆਪਣੀ ਕਾਵਿ-ਇਮਾਰਤ

ਨਾਲ ਹੈ। ਉਹ ਸਥਾਪਤੀ ਵਿਰੁੱਧ ਬੋਲਦਾ ਹੈ ਪਰ ਜੁਝਾਰਵਾਦੀ ਕਵੀਆਂ ਵਾਂਗ ਨਹੀਂ। ਉਹ ਪ੍ਰਗੀਤ ਲਿਖਦਾ ਹੈ ਪਰ ਹਰਿਭਜਨ ਸਿੰਘ ਵਾਲੇ ਸੁਹਜੀਲੇ ਰੰਗ ਵਾਲੇ ਜਾਂ ਜਸਵੰਤ ਸਿੰਘ ਨੇਕੀ ਦੇ ਰਹੱਸਮਈ ਲਹਿਜੇ ਵਾਲੇ ਜਾਂ ਸ਼ਿਵ ਕੁਮਾਰ ਦੇ ਰੁਮਾਂਸਮੁਖੀ ਸੁਭਾਅ ਵਾਲੇ ਨਹੀਂ ਬਲਕਿ ਸਮਕਾਲੀ ਮਨੁੱਖ ਦੀਆਂ ਮਾਨਸਿਕ-ਸਮਾਜਿਕ ਵਿਸੰਗਤੀਆਂ ਤੇ ਉਲਝਣਾਂ ਸੰਗ ਸੰਵਾਦ ਛੇੜਦਾ ਹੈ। ਵੰਨਗੀ ਦੇਖੋ :

ਇਹ ਤਾਜ ਖੜਾਵਾਂ ਖੋਪਰੀਆ
ਕਈ ਚੀਜ਼ਾਂ ਓਭੜ ਓਪਰੀਆਂ
ਕਿੱਥੇ ਤੋਂ ਕਿੱਥੇ ਅੱਪੜੀਆਂ
ਥੇਹਾਂ ਵਿਚ ਦੱਬੇ ਮਹਿਲਾਂ ਨੂੰ
ਪੁਟ ਪੁਟ ਕੇ ਲੋਕੀਂ ਤੱਕਦੇ ਨੇ
ਇਹ ਦੇਖ ਸਮੇਂ ਦਾ ਗੇੜਾ ਹੈ
ਇਤਿਹਾਸ ਦੀ ਹੈ ਔਕਾਤ ਮੀਆਂ
ਖੂਹ ਗਿੜਦਾ ਹੈ ਦਿਨ ਰਾਤ ਮੀਆਂ।[3]

ਇਹ ਤਣਾਉ-ਸਥਿਤੀ ਪਾਤਰ ਦੀ ਸ਼ਾਇਰੀ ਨੂੰ ਮੌਲਿਕ ਅਧਾਰ ਬਖ਼ਸ਼ਦੀ ਹੈ। ਇਹ ਤਨਾਉ ਸਮਕਾਲੀ ਕਾਵਿ-ਵਸਤੂ, ਰੂਪਾਂ ਤੇ ਧਿਰਾਂ ਦੇ ਸਨਮੁਖ ਆਪਣੀ ਮੌਲਿਕ ਰਚਨਾ-ਹੋਂਦ ਦੇ ਸੰਘਰਸ਼ੀ ਸੱਚ ਨਾਲ ਸੰਬੰਧਿਤ ਹੈ।

ਵਿਚਾਰਧਾਰਾਈ ਸੰਘਰਸ਼ ਦੌਰਾਨ ਉਸਦੀ ਤਨਾਉ-ਪੁਜ਼ੀਸ਼ਨ ਅਹਿਮ ਸ਼ੰਕੇ ਬਿਖੇਰਦੀ ਹੈ। ਆਧੁਨਿਕਵਾਦੀ ਗਿਆਨਕਰਨ, ਤਤਕਾਲੀ ਵਿਚਾਰਧਾਰਾਈ ਅਤੇ ਧਰਾਤਲੀ ਸਥਿਤੀਆਂ ਸੰਗ ਸੰਵੇਦਨਾਤਮਕ ਅਤੇ ਚਿੰਤਨਾਤਮਕ ਪੱਧਰ 'ਤੇ ਨਜਿੱਠਦਿਆਂ ਉਹ ਕਿਸੇ ਲਹਿਰ-ਵੇਗ ਦੇ ਵਹਿਣ 'ਚ ਵਹਿ ਕੇ ਨਹੀਂ ਸੋਚਦਾ ਬਲਕਿ ਚਿੰਤਨੀ ਤਨਾਉ ਕਾਇਮ ਰੱਖਦਾ ਨਵੇਂ ਸਮਾਨਾਂਤਰੀ ਤੱਥਾਂ ਸੱਚਾਂ ਦਾ ਸੰਚਾਰ ਕਰਦਾ ਹੈ। ਉਸਦੀ ਇਹ ਰਚਨਾਤਮਕ ਸਥਿਤੀ ਹੀ ਉਸ ਤੋਂ ਤਤਕਾਲੀ ਭਖਦੇ ਮਸਲਿਆਂ ਤੇ ਜੀਵੰਤ ਸਥਿਤੀਆਂ ਦਾ ਮੌਲਿਕ ਦ੍ਰਿਸ਼ਟੀ ਤਹਿਤ ਅਵਲੋਕਣ ਕਰਵਾਉਂਦੀ ਹੈ। ਮਿਸਾਲ ਦੇਖਦੇ ਹਾਂ :

ਉਂਜ ਤਾਂ ਮੈਨੂੰ ਬਹੁਤ ਚੰਗਾ ਲੱਗਦਾ ਹੈ
ਸ਼ਬਦਾਂ ਦੇ ਅਰਥਾਂ ਦੀਆਂ ਕੁੰਜੀਆਂ ਨਾਲ
ਕਦੀ ਬ੍ਰਹਿਮੰਡ ਨੂੰ ਬੰਦ ਕਰਨਾ

ਕਦੀ ਖੋਲ੍ਹ ਦੇਣਾ
ਕਲਾਸ-ਰੂਮ 'ਚ ਬੁੱਧ ਦੀ ਅਹਿੰਸਾ-ਭਾਵਨਾ ਨੂੰ
ਚਿੱਟੇ ਕਬੂਤਰ ਵਾਂਗ ਪਲੋਸਣਾ
ਸਫ਼ੈਦਿਆਂ ਵਰਗੇ ਹੁਸਨਾਂ 'ਤੇ
ਬੱਦਲ ਵਾਂਗ ਰਿਸ ਰਿਸ ਵਰਸਣਾ
.....
ਪਰ ਜਦ ਕਦੀ ਅਚਾਨਕ
ਬੰਦੂਕ ਦੀ ਨਾਲੀ 'ਚੋਂ ਨਿਕਲਦੀ ਅੱਗ ਨਾਲ
ਪੜ੍ਹਨ ਗਿਆਂ ਦੀ ਛਾਤੀ 'ਤੇ
ਉਨ੍ਹਾਂ ਦਾ ਭਵਿੱਖ ਲਿਖਿਆ ਜਾਂਦਾ ਹੈ
ਜਾਂ ਡੂੰਘੇ ਬੀਜੇ ਜਾਂਦੇ ਹਨ ਗਿਆਨ ਦੇ ਸ਼ੱਰੇ
ਜਾਂ ਸਿਖਾਇਆ ਜਾਂਦਾ ਹੈ ਐਦਾ ਸਬਕ
ਕਿ ਘਰ ਜਾ ਕੇ ਮਾਂ ਨੂੰ ਸੁਣਾ ਵੀ ਨਾ ਸਕਣ
ਤਾਂ ਮੇਰਾ ਜੀਅ ਕਰਦਾ ਹੈ
ਜੰਗਲ 'ਚ ਛੁਪੇ ਗੁਰੀਲੇ ਨੂੰ ਕਹਾਂ :

ਅਹਿ ਲੈ ਮੇਰੀਆਂ ਕਵਿਤਾਵਾਂ
ਬਾਲ ਕੇ ਅੱਗ ਸੇਕ ਲੈ
ਉਸ ਪਲ ਉਸਦੀ ਬੰਦੂਕ ਦੀ ਨਾਲੀ 'ਚੋਂ ਨਿਕਲਦੀ ਆਵਾਜ਼ ਨੂੰ
ਖ਼ੂਬਸੂਰਤ ਸ਼ਿਅਰ ਵਾਂਗ ਮੁੜ ਮੁੜ ਸੁਣਨ ਨੂੰ ਜੀਅ ਕਰਦਾ ਏ[4]

ਸੁਰਜੀਤ ਪਾਤਰ ਇਸ ਸਮੇਂ ਮਨੁੱਖ ਦੇ ਅੰਦਰੂਨੀ ਸੰਸਾਰ, ਦਰਪੇਸ਼ ਵਿਸੰਗਤੀਆਂ, ਵਿਚਾਰਧਾਰਾਈ ਟੁੱਟ-ਭੱਜ, ਤਤਕਾਲੀ ਧਰਾਤਲੀ ਹਿੰਸਕ ਪਰਿਸਥਿਤੀਆਂ, ਵਿਰਸਾਗਤ ਮਾਨਤਾਵਾਂ, ਚੇਤਨਾਤਮਕ ਰਮਜ਼ਾਂ ਅਤੇ ਕਾਵਿਕਾਰੀ ਦੀ ਉਨਮੁਖਤਾ ਪ੍ਰਤੀ ਆਪਣਾ ਮੌਲਿਕ ਨੁਕਤਾ-ਨਜ਼ਰੀਆ ਉਸਾਰ ਰਿਹਾ ਹੈ। ਇਹ ਇਕੋ ਸਮੇਂ ਵੱਖ-ਵੱਖ ਕਾਵਿ ਦੇ ਮਹਿਮਾਜਨਕ ਹਸਤਾਖ਼ਰਾਂ ਸੰਗ ਤਣਾਉ-ਬੋਧ ਵਿਚੋਂ ਉਦੈ ਹੋਇਆ ਹੈ। ਉਹ ਕਿਸੇ ਲਹਿਰ-ਵੇਗ ਜਾਂ ਵਕਤੀ ਵਿਚਾਰਧਾਰਾਈ ਜੜ੍ਹਤਾ ਤੋਂ ਨਿਰਦੇਸ਼ਤ ਹੋਣ ਦੀ ਬਜਾਇ ਖ਼ੁਦ ਅਤਿ ਸੂਖ਼ਮਤਾ ਤੇ

ਸੰਵੇਦਨਾ ਸੰਗ ਆਪਣੀ ਮੌਲਿਕ ਸੋਝੀ ਵਿਅਕਤ ਕਰਦਾ ਹੈ। ਪ੍ਰਗੀਤ ਵਿਚ ਸਮੇਂ ਤੇ ਸਥਾਨ ਦੀਆਂ ਵਿਸੰਗਤੀਆਂ ਨੂੰ ਕਾਵਿਆਉਣਾ ਤਤਕਾਲੀ ਸੁਹਜਵਾਦੀ, ਰੁਮਾਂਸਵਾਦੀ ਤੇ ਰਹੱਸਵਾਦੀ ਪ੍ਰਗੀਤ ਦੇ ਸਨਮੁਖ ਸਿਰਜਣਾਤਮਕ ਸੰਵਾਦ-ਤਨਾਉ ਦੀ ਦੂਸਰੀ ਵੰਨਗੀ ਹੈ। ਜੁਝਾਰਵਾਦੀ ਕਾਵਿਧਾਰਾ ਜਿਸਦੀ ਬਹੁਤੀ ਕਵਿਤਾ ਵਿਸ਼ੇਸ਼ ਚਿੰਤਨਧਾਰਾ, ਫ਼ਲਸਫ਼ੇ ਤੇ ਏਜੰਡੇ ਨੂੰ ਲੈ ਕੇ ਪੂਰਵ ਨਿਰਧਾਰਤ ਆਸ਼ੇ 'ਤੇ ਅਧਾਰਿਤ ਪ੍ਰਤੀਕਿਰਿਆ ਵਜੋਂ ਜਨਮ ਲੈ ਰਹੀ ਸੀ। ਉਸਦੇ ਸਮਾਨਾਂਤਰ ਪਾਤਰ ਨੇ ਘਟਨਾਵੀ ਤ੍ਰਾਸਦੀ ਉਪਰ ਕੇਂਦਰਤ ਹੋਣ ਵਿਚ ਵਿਸ਼ਵਾਸ ਰੱਖਿਆ। ਸਥਾਨਕ ਧਰਾਤਲੀ ਬੋਧ, ਚਿੰਤਾ ਤੇ ਚਿੰਤਨ ਉਸਦੀ ਇਸ ਪੁਜ਼ੀਸ਼ਨ ਦੀ ਅਧਾਰਭੂਤ ਨੀਂਹ ਬਣਦੇ ਰਹੇ ਜੋ ਜੁਝਾਰੂ ਕਵਿਤਾ ਨੂੰ ਨਵੀਂ ਚੇਤਨਾ ਨਾਲ ਜੋੜਨ ਲਈ ਅਹਿਮ ਭੂਮਿਕਾ ਨਿਭਾਉਣ ਲੱਗੇ।

ਪਾਤਰ ਦੀ ਸਮੁੱਚੀ ਕਵਿਤਾ ਵਿਚ ਸਦਾ ਹਾਜ਼ਰ ਪ੍ਰਗੀਤਕ ਅੰਸ਼, ਜੀਵਨ ਦੇ ਅਤਿ ਨਜ਼ਦੀਕੀ ਮੈਟਾਫ਼ਰ, ਸਭਿਆਚਾਰਕ-ਸੰਸਕ੍ਰਿਤਕ ਬੋਧ, ਸੰਗੀਤਕ ਸ਼ਬਦ ਜੁੱਟ, ਬਹੁਦਿਸ਼ਾਵੀ, ਬਹੁਪਰਤੀ ਸੰਬੋਧਨ ਤੇ ਅਰਥ ਪ੍ਰਬੰਧ ਉਸਦੀ ਕਵਿਤਾ ਵਿਚਲੇ ਸਿਰਜਣਾਤਮਕ ਸੰਵਾਦੀ-ਤਣਾਉ-ਬੋਧ ਨੂੰ ਵੱਡੀ ਮੁੱਲਵਾਨ ਊਰਜਾ ਪ੍ਰਦਾਨ ਕਰਦੇ ਰਹੇ।

**ੲ).ਮਾਨਵੀ ਅਸਤਿੱਤਵ ਬੋਧਕ ਤਣਾਉ:**

ਇਹ ਤਣਾਉ ਮਾਨਵੀ ਅਸਤਿੱਤਵ ਦਾ ਬਹੁਤ ਵੱਡਾ ਸੱਚ ਹੈ। ਚੇਤਨਾਤਮਕ ਤੌਰ 'ਤੇ ਮਾਨਵੀ ਅਸਤਿੱਤਵ ਦੇ ਪੁਲ ਦਾ ਉਰਲਾ ਹਿੱਸਾ ਪਸ਼ੂ ਜਗਤ ਵੱਲ ਜਾਂਦੀ ਸੜਕ ਨਾਲ ਜੁੜਿਆ ਹੋਇਆ ਹੈ ਤੇ ਪਰਲਾ ਹਿੱਸਾ ਪ੍ਰਬੁੱਧ ਜਗਤ ਤਰਫ਼ ਜਾਂਦੇ ਮਾਰਗ ਸੰਗ। ਇਸ ਤੋਂ ਇਲਾਵਾ ਮਾਨਵੀ ਅਸਤਿੱਤਵ ਬਹੁ-ਪਰਤੀ ਅਤੇ ਬਹੁ-ਪਾਸਾਰੀ ਤਣਾਉ ਭੋਗਦਾ ਹੈ। ਨਵੇਂ ਮਨੁੱਖ ਦਾ ਅਸਤਿੱਤਵ ਇਸ ਤੱਥ-ਸੱਚ ਨਾਲ ਵਧੀਕ ਸੰਬੰਧਿਤ ਹੈ। ਇਉਂ ਤਨਾਉ ਤੇ ਖਿੱਚੋਤਾਣ ਮਾਨਵੀ ਹੋਂਦ ਦੀ ਸੁਭਾਵਕ ਹੋਣੀ ਹੈ। ਇਸ ਤੋਂ ਅਗੇਰੇ ਇਸ ਮਾਨਵੀ ਮਨੋਸੰਸਾਰ ਅਤੇ ਰਿਸ਼ਤਾਗਤ ਸੰਸਾਰ ਦੇ ਆਪਣੇ ਹੋਰ ਗਹਿਰੇ ਤਣਾਉ ਹਨ। ਪਾਤਰ-ਕਾਵਿ ਇਸ ਤਣਾਉ ਨੂੰ ਅਤਿਅੰਤ ਲਤੀਫ਼ਤਾ ਸਹਿਤ ਵੇਖਦਾ ਤੇ ਅਹਿਸਾਸਦਾ ਹੈ। ਕੁਝ ਮਿਸਾਲਾਂ ਵੇਖਦੇ ਹਾਂ :

ਖ਼ਤ ਖੁੱਲ੍ਹੇਗਾ ਖ਼ਤ ਵਿਚੋਂ ਇਕ
ਹੱਥ ਉੱਠੇਗਾ ਸ਼ਾਮ ਜਿਹਾ
ਤੇਰੇ ਪਿੰਜਰ ਨੂੰ ਫੋਲੇਗਾ

ਬੇਕਿਰਕਾ ਬੇਰਾਮ ਜਿਹਾ
ਤੇਰੇ ਅੰਦਰੋਂ ਚੀਸ ਉੱਠੇਗੀ
ਮਚ ਜਾਊ ਕੁਹਰਾਮ ਜਿਹਾ
ਤੇਰੇ ਅੰਦਰੋਂ ਪੰਛੀ ਉਡ ਉਡ
ਭਰ ਜਾਊ ਅਸਮਾਨ ਜਿਹਾ
ਜਿਹੜਾ ਕਦੀ ਨਹੀਂ ਸੀ ਉੱਠਿਆ
ਉੱਠੂ ਦਰਦ ਬੇਨਾਮ ਜਿਹਾ
ਪਰ ਫਿਰ ਤੇਰੀ ਤਪਦੀ ਰੂਹ ਨੂੰ
ਆ ਜਾਊ ਆਰਾਮ ਜਿਹਾ[5]

***

ਉਹ ਤਾਂ ਮੇਰੇ ਅੱਧਖੜ ਡ੍ਰਾਇਆਂ ਦੇ ਡਰਾਉਣੇ ਹਨ੍ਹੇਰਿਆਂ ਵਿਚਕਾਰ
ਇਕ ਨਾਜਾਇਜ਼ ਸੁਪਨੇ ਦਾ ਨਿਰ-ਆਧਾਰ ਆਲ੍ਹਣਾ ਹੈ
.....
ਉਹ ਮੇਰੇ ਅੱਧਖੜ ਸੱਭਿਅ ਸੀਨੇ ਵਿਚਕਾਰ
ਛੁਪ ਛੁਪ ਕੇ ਦਹਿਕਦੀ ਅਸੱਭਿਅ ਅਸ਼ਲੀਲ ਅੱਗ ਹੈ[6]

***

ਰਾਧਾ ਨਾਰਾਜ਼ ਹੈ
ਰੁਕਮਣੀ ਉਦਾਸ
ਤੇ ਕ੍ਰਿਸ਼ਨ ਪਰੇਸ਼ਾਨ
ਕ੍ਰਿਸ਼ਨ ਜੋ ਸੋਲਾਂ ਕਲਾਂ ਸੰਪੂਰਨ ਅਵਤਾਰ ਨਹੀਂ
ਅਧਖੜ ਉਮਰ ਦਾ ਕਵੀ ਹੈ
ਜਿਸ ਦਿਆਂ ਵਾਲਾਂ ਵਿਚ ਧੁੱਪਾਂ ਅਤੇ ਛਾਵਾਂ ਦੀ ਬਹਿਸ ਚੱਲ ਰਹੀ ਹੈ
ਬੁੱਲ੍ਹਾਂ 'ਤੇ ਬੰਸਰੀ ਨਹੀਂ
ਬੇਜਾਨ ਜਿਹੀ ਖ਼ਾਮੋਸ਼ੀ ਹੈ
ਤੇ ਸੀਨੇ ਵਿਚ ਰਾਧਾ ਅਤੇ ਰੁਕਮਣੀ ਦੇ ਸੰਵਾਦ
ਜੋ ਉਨ੍ਹਾਂ ਨੇ ਬੋਲੇ ਨਹੀਂ[7]

***

ਸੀਨੇ ਦੇ ਵਿਚ ਸਦਾਚਾਰ ਦਾ
ਸੌ ਸੰਤਾਪ ਤੂੰ ਸਹਿਣਾ
ਫਿਰ ਵੀ ਉਨ੍ਹਾਂ ਤੈਨੂੰ ਮੈਲ਼ਾ
ਤੈਨੂੰ ਗੰਧਲਾ ਕਹਿਣਾ
ਇੱਛਾ ਤੇ ਆਦਰਸ਼ 'ਚ ਟੁੱਟ ਕੇ
ਖ਼ੁਦ ਤੋਂ ਵਿਛੜੇ ਰਹਿਣਾ
ਤੌਕ ਤੇਰੇ ਗਲ਼ ਕਿਸ ਨੇ ਪਾਇਆ
ਪਾ ਕੇ ਆਖਿਆ ਗਹਿਣਾ[8]

***

ਮੇਰੇ 'ਚੋਂ ਨਹਿਰੂ ਵੀ ਬੋਲਦਾ ਹੈ, ਮਾਓ ਵੀ
ਕ੍ਰਿਸ਼ਨ ਵੀ ਬੋਲਦਾ ਹੈ, ਕਾਮੂ ਵੀ
ਵਾਇਸ ਆਫ਼ ਅਮੇਰਿਕਾ ਵੀ, ਬੀ.ਬੀ.ਸੀ. ਵੀ
ਮੇਰੇ 'ਚੋਂ ਬਹੁਤ ਕੁਝ ਬੋਲਦਾ ਹੈ
ਨਹੀਂ ਬੋਲਦਾ ਤਾਂ ਬੱਸ ਮੈਂ ਹੀ ਨਹੀਂ ਬੋਲਦਾ[9]

ਮਨੁੱਖੀ ਮਨ ਦੀਆਂ ਤਣਾਉਸ਼ੀਲ ਸਥਿਤੀਆਂ ਉਪਰ ਅਤਿਅੰਤ ਸੂਖ਼ਮ ਪਕੜ ਰੱਖਣੀ ਤੇ ਫਿਰ ਉਹਨਾਂ ਨੂੰ ਇਤਿਹਾਸ, ਮਿਥਿਹਾਸ ਤੇ ਸਭਿਅਤਾ ਦੇ ਕੈਨਵਸ 'ਤੇ ਰੱਖ ਕੇ ਸਹਿਜ ਸੰਚਾਰਤ ਕਰ ਦੇਣਾ ਪਾਤਰ-ਕਾਵਿ ਦਾ ਹਾਸਲ ਹੈ। ਇਸ ਤਣਾਉ ਪ੍ਰਤੀ ਕਵੀ ਦੀ ਸੂਝ ਦੇ ਪਿਛੋਕੜ ਵਿਚ ਫਰਾਇਡ ਮਨੋਵਿਸ਼ਲੇਸ਼ਣ ਅਤੇ ਕਾਮੂ, ਕੀਰਕੇਗਾਰਦ, ਸਾਰਤਰ ਹੋਰਾਂ ਦਾ ਅਸਤਿੱਤਵ-ਚਿੰਤਨ ਨਿਰੰਤਰ ਹਾਜ਼ਰ ਜਾਪਦਾ ਹੈ। ਉਸਨੂੰ ਆਧੁਨਿਕ ਮਨੁੱਖ ਦੀ ਲਘੂ ਹੋਂਦ ਤੇ ਖੰਡਿਤ ਮਨ ਦਾ ਭਰਪੂਰ ਬੋਧ ਹੈ। ਇਸ ਮਨ ਦੇ ਪਾਸ ਸਿਧਾਂਤਕ ਤੌਰ 'ਤੇ ਵਡੇਰੇ ਬਿਰਤਾਂਤ ਤੇ ਆਦਰਸ਼ ਮੌਜੂਦ ਹਨ ਪਰੰਤੂ ਇਸਦੀ ਖ਼ੁਦ ਦੀ ਸਥਿਤੀ ਲਘੂ ਹੈ। ਇਹ ਅਸਾਵਾਂਪਣ ਉਸਨੂੰ ਹਮੇਸ਼ਾ ਤਨਾਉ ਦੀ ਸਥਿਤੀ ਵਿਚ ਰੱਖਦਾ ਹੈ। ਏਸੇ ਲਈ ਪਾਤਰ ਇਸ ਤਣਾਉ ਨੂੰ ਪੇਸ਼ ਕਰਦਾ ਵਿਅੰਗ ਸ਼ੈਲੀ ਨਾਲ ਵੀ ਜੁੜਦਾ ਹੈ। ਲਘੂ ਮਨੁੱਖ ਦੀ ਉਲਝਣ, ਸੁਪਨੇ ਤੇ ਸਥਿਤੀ ਵਿਚਕਾਰਲੇ ਪਾੜੇ ਤੋਂ ਪੈਦਾ ਹੋਈ ਉਦਾਸੀ, ਖਿੱਚੋਤਾਣ, ਬਹੁਰੂਪੀਏਪਣ, ਅਲਗਾਵ, ਖੰਡਿਤਾ ਆਦਿ ਦੀਆਂ ਸ੍ਰਿੰਖਲਾਵਾਂ ਨੂੰ ਉਸਨੇ ਆਪਣੇ ਗਿਆਨ, ਅਨੁਭਵ ਅਤੇ

ਬੋਧ ਵਿਚੋਂ ਗੁਜ਼ਾਰ ਕੇ ਮੌਲਿਕ ਅੰਦਾਜ਼ ਵਿਚ ਅਭਿਵਿਅਕਤ ਕਰਦਿਆਂ ਇਸ ਤਨਾਉ ਪ੍ਰਤੀ ਗਹਿਰੀ ਸੋਝੀ ਬਰਕਰਾਰ ਰੱਖੀ ਹੈ।

**ਸ).ਸਿਸਟਮੀ-ਸੰਵੇਦਨੀ ਟਕਰਾਹਟ ਤਣਾਉ:**

ਸਮਾਜਿਕ, ਆਰਥਿਕ, ਰਾਜਨੀਤਕ ਸਿਸਟਮ ਮਨੁੱਖੀ ਹੋਂਦ ਨੂੰ ਆਪਣੇ ਨੇਮਬੱਧ ਮਕਾਨਕੀ ਢਾਂਚੇ ਵਿਚ ਢਾਲ ਕੇ ਵਰਤਣ ਦੀ ਤਾਂਘ ਵਿਚ ਹੁੰਦਾ ਹੈ। ਸੰਵੇਦਨਸ਼ੀਲ ਵਿਅਕਤੀ ਇਸ ਵਰਤਾਰੇ ਨੂੰ ਵੇਖ ਕੇ ਇਸ ਸਿਸਟਮ ਤੋਂ ਆਕੀ ਹੋਣ ਲਈ ਨਿਰੰਤਰ ਜੱਦੋਜਹਿਦ ਕਰਦਾ ਹੈ। ਇਹ ਆਕੀਆਣਾ ਜਾਂ ਬਾਗ਼ੀਆਣਾ ਰੁਚੀ ਉਸ ਹੱਦ ਤਕ ਵਧੀਕ ਹੋਵੇਗੀ ਜਿਸ ਹੱਦ ਤਕ ਕਿਸੇ ਅੰਦਰ ਸੰਵੇਦਨਾ ਜਾਗਦੀ ਹੁੰਦੀ ਹੈ। ਸੰਵੇਦਨਾ ਸਦਕਾ ਹੀ ਮਨੁੱਖ, ਮਨੁੱਖ ਹੈ। ਸੰਵੇਦਨਾ ਸਦਕਾ ਹੀ ਮਨੁੱਖ ਮੁਖ਼ਤਲਿਫ਼ ਤਣਾਉ ਭੋਗਦਾ ਹੈ। ਸੁਰਜੀਤ ਪਾਤਰ ਦਾ ਮੁੱਢਲਾ ਸੰਬੰਧ ਉਨ੍ਹਾਂ ਲਹਿਰਾਂ ਨਾਲ ਸਿੱਧੇ ਤੌਰ 'ਤੇ ਰਿਹਾ ਹੈ ਜੋ ਸਥਾਪਤੀ ਨਾਲ ਵਿਹਾਰਕ ਟੱਕਰ ਲੈ ਕੇ ਸਿਸਟਮ ਸਾਹਵੇਂ ਵੱਡੀਆਂ ਵੰਗਾਰਾਂ ਖੜ੍ਹੀਆਂ ਕਰਦੀਆਂ ਰਹੀਆਂ ਹਨ। ਪਾਤਰ ਦੀ ਇਹ ਵੀ ਵਿਲੱਖਣਤਾ ਰਹੀ ਹੈ ਕਿ ਜਦੋਂ ਕਿਸੇ ਸੰਘਰਸ਼ੀ ਲਹਿਰ ਦੇ ਸਿਸਟਮ ਵਿਚ ਕੁਝ ਵੀ ਅਮਾਨਵੀ, ਜੜ੍ਹਬੱਧ ਤੇ ਮਕਾਨਕੀ ਲੱਗਿਆ ਤਾਂ ਉਸਨੇ ਉਸ ਨਾਲ ਵੀ ਤਿੱਖਾ ਸੰਵਾਦ ਰਚਾਇਆ। ਕੁਝ ਕਾਵਿ ਟੁਕੜੀਆਂ ਵਿਚੋਂ ਉਸਦੇ ਇਸ ਤਣਾਉ-ਬੋਧ ਦਾ ਪ੍ਰਤੱਖਣ ਕਰਦੇ ਹਾਂ :

ਤੇਰਾ ਵੀ ਨਾਮ ਰੱਖਾਂਗੇ
ਤੇਰੀ ਛਾਤੀ 'ਤੇ ਵੀ ਖ਼ੰਜਰ ਜਾਂ ਤਗ਼ਮਾ ਧਰ ਦਿਆਂਗੇ
ਜੀਣ ਜੋਗਾ ਤਾਂ ਹੋ
ਤੇਰੀ ਵੀ ਹੱਤਿਆ ਕਰ ਦਿਆਂਗੇ
ਮੈਂ ਬੁੱਢੀ ਜਾਦੂਗਰਨੀ ਬੜੇ ਮੰਤਰ ਜਾਣਦੀ ਹਾਂ
....
ਤੇਰੀ ਹਿੱਕ ਦੀ ਕਿਸਮ ਵੀ ਬੁੱਝ ਲਵਾਂਗੇ
ਤੇ ਤੇਰੇ ਹਾਣ ਦੀ ਤੈਨੂੰ ਵੀ ਹੋਣੀ ਵਰ ਦਿਆਂਗੇ
ਜੀਣ ਜੋਗਾ ਤਾਂ ਹੋ
ਤੇਰੀ ਵੀ ਹੱਤਿਆ ਕਰ ਦਿਆਂਗੇ[10]

ਏਥੇ ਕੇਵਲ ਤਣਾਉ ਦੀ ਸਿਖ਼ਰ ਹੀ ਮਹੱਤਵਪੂਰਣ ਨਹੀਂ ਬਲਕਿ ਸਭਿਆਚਾਰਕ, ਲੋਕਧਾਰਾਈ, ਸਥਾਨਕ ਧਰਾਤਲੀ ਸ਼ਬਦਾਂ ਤੇ ਚਿਹਨਾਂ ਦੀ ਚੋਣ ਇਸ ਤਨਾਉ ਵਿਚ ਰੂਪਕੀ ਸੁਭਾਵਿਕਤਾ ਅਤੇ ਚਿੰਤਨੀ ਗੰਭੀਰਤਾ ਦੀ ਡੂੰਘਾਈ ਦਾ ਜਲਵਾ ਵੀ ਦਿਖਾ ਰਹੀ ਹੈ :

ਮੈਂ ਕੁਰਸੀ ਵਿਚ ਚਿਣ ਹੋਇਆ ਹਾਂ
ਕੁਰਸੀ ਵਿਚ ਚਿਣਿਆਂ ਪੁੱਤਰਾਂ ਨੂੰ ਸਾਹਿਬਜ਼ਾਦੇ ਕੌਣ ਕਹੇਗਾ ?
.....
ਮੈਂ ਰੇਤਾਂ ਵਿਚ ਪੋਟਾ ਪੋਟਾ ਗੁੰਮ ਰਿਹਾ ਹਾਂ
ਆਖ਼ਰ ਇਕ ਦਿਨ ਰੇਤਾਂ ਵਿਚ ਚਿਣਿਆ ਜਾਵਾਂਗਾ
ਰੇਤਾਂ ਵਿਚ ਚਿਣਿਆਂ ਪੁੱਤਰਾਂ ਨੂੰ
ਸਾਹਿਬਜ਼ਾਦੇ ਕੌਣ ਕਹੇਗਾ ?[11]

ਏਥੇ ਤਣਾਉ ਦੀ ਪ੍ਰਕਿਰਤੀ ਹੋਰ ਸੂਖਮ ਹੋ ਜਾਂਦੀ ਹੈ। ਨਿਤਾਪ੍ਰਤੀ ਕਾਰ-ਵਿਹਾਰ ਜੋ ਬਾਹਰੀ ਦਿੱਖ ਹਿੱਤ ਬਹੁਤ ਸੁਖਾਵਾਂ, ਸਾਵਾਂ, ਸੁਹਾਵਣਾ ਹੈ ਉਸ ਵਿਚੋਂ ਤਨਾਉ ਨੂੰ ਪਕੜਨਾ ਕਵੀ-ਸੰਵੇਦਨਾ ਦੀ ਸਵੈ ਪ੍ਰਤੀ ਨਿਰੰਤਰ ਸੂਖ਼ਮ ਪਹਿਰੇਦਾਰੀ ਅਤੇ ਪੜਚੋਲ ਦਾ ਪਰਿਣਾਮ ਹੈ। ਇਸ ਤਨਾਉ ਦੀ ਹੋਰ ਪ੍ਰਖਰਤਾ ਦੇਖੋ :

ਸਫ਼ਰੋਂ ਖੁੰਜੀ ਗੇੜ ਅੜੀ ਹੈ
ਆਪਣੀ ਉਮਰ ਅਜੀਬ ਘੜੀ ਹੈ
ਜਾਣਾ ਕਿਤੇ ਨਹੀਂ ਹੈ ਇਸਨੇ
ਐਵੇਂ ਤਿੱਖੀ ਚਾਲ ਫੜੀ ਹੈ
ਘਰ ਦਫ਼ਤਰ ਤਨਖ਼ਾਹ ਤਰੱਕੀ
ਰੋਟੀ ਸਰਵਿਸ ਕੱਚੀ ਪੱਕੀ
ਚਿੱਠੀਆਂ ਤਾਰਾਂ ਤੇ ਅਖ਼ਬਾਰਾਂ
ਨਿੱਕੀਆਂ ਨਿੱਕੀਆਂ ਜਿੱਤਾਂ ਹਾਰਾਂ
.....
ਮਰ ਚੁੱਕਿਆਂ ਨੇ ਇਸਨੂੰ ਏਸੇ ਰਾਹੇ ਪਾਇਆ
ਭੂਤ ਪ੍ਰੇਤਾਂ ਡਾਇਲ ਇਸਦਾ ਖ਼ੂਬ ਬਣਾਇਆ[12]

ਸਿਸਟਮ ਦੀ ਆਪਣੀ ਪਰੰਪਰਾ ਹੈ ਤੇ ਮਾਨਵੀ ਚੇਤਨਾ ਦੀ ਆਪਣੀ। ਸਿਸਟਮੀ ਪਰੰਪਰਾ ਅਤੇ ਚੇਤਨਾ ਦਾ ਇਹ ਤਣਾਉ ਹੋਂਦ ਨੂੰ ਕਿਵੇਂ ਲਘੂ ਸਥਿਤੀ ਤੇ ਮਕਾਨਕੀ ਹੋਣੀ ਵੱਲ ਲਿਜਾ ਰਿਹਾ ਹੈ, ਇਹ ਬੋਧ ਇਥੇ ਪ੍ਰਖਰ ਹੋ ਰਿਹਾ ਹੈ। ਇਸ ਪ੍ਰਖਰਤਾ ਦੀ ਪੁਸ਼ਤ ਦਰ ਪੁਸ਼ਤ ਚਲਦੀ ਸ਼੍ਰਿੰਖਲਾ ਦਾ ਤਣਾਉ ਅਹਿਸਾਸਦੇ ਹਾਂ :

ਤੂੰ ਨਹੀਂ ਜਾਣਦਾ
ਮੈਂ ਇਕੱਲਾ ਨਹੀਂ
ਇਸ ਦਰਵਾਜ਼ੇ ਤੋਂ ਬਾਹਰ ਖੜ੍ਹੀਆਂ ਨੇ
ਉਦਾਸ ਪੁਸ਼ਤਾਂ ਦੇ ਖ਼ੂਨ 'ਤੇ ਪਲੀਆਂ
ਮੇਰੀਆਂ ਗਿਆਰਾਂ ਹਜ਼ਾਰ ਜ਼ਹਿਰ ਭਰੀਆਂ ਰਾਤਾਂ
ਖ਼ੂੰਖਾਰ ਜਰਵਾਣੀਆਂ
ਮੇਰੀ ਕਾਲੀ ਫੌਜ
ਮੇਰੀ ਤਾਰੀਖ਼ ਦਾ ਰੋਹ।[13]

......

ਤਮਾਮ ਮਰ ਗਏ ਪਿੱਤਰਾਂ ਦੇ ਨਹੁੰ
ਮੇਰੀ ਛਾਤੀ ਦੇ ਵਿਚ ਖੁੱਭੇ ਪਏ ਨੇ
ਜ਼ਰਾ ਦੇਖੋ ਤਾਂ ਸਹੀ
ਮਰ ਗਿਆਂ ਨੂੰ ਵੀ ਜਿਉਂਦੇ ਰਹਿਣ ਦੀ ਕਿੰਨੀ ਲਾਲਸਾ ਹੈ।[14]

.............

ਧੂਣੀ
ਸਾਈਂ ਜੀ ਦੇ ਅੱਗੇ ਨਹੀਂ, ਅੰਦਰ ਧੁਖਦੀ ਹੈ
......
ਤੇ ਸਾਈਂ ਜੀ ਨੇ ਕਿਹਾ
ਪਿਆਰੇ ਬੱਚਿਓ
ਲਿਖੋ
ਆਪਣੀ ਜਾਨ ਦਾ ਖ਼ੌਫ਼
ਆਪਣੇ ਬਾਲਾਂ ਦੇ ਚਿਹਰੇ

ਆਪਣੇ ਨਾਮ ਦਾ ਮੋਹ
ਤੇ ਨਫ਼ਸਾਨੀ ਖ਼ਾਹਿਸ਼ਾਂ
ਇਹ ਚਾਰ-ਦੀਵਾਰੀ ਬੰਦੇ ਨੂੰ ਉਮਰ ਭਰ
ਕੈਦ ਕਰੀ ਰੱਖਦੀ ਹੈ
ਨਹੀਂ ਇਹ ਕੱਟ ਦਿਓ
ਲਿਖੋ
ਸਾਡਾ ਨਿਜ਼ਾਮ ਐਸਾ ਹੈ
ਕਿ ਇਸ ਵਿਚ ਬੰਦੇ ਨੂੰ
ਆਪਣੀਆਂ ਹਜ਼ਾਰਾਂ ਖ਼ਾਹਿਸ਼ਾਂ ਦਾ
ਦਮਨ ਕਰਨਾ ਪੈਂਦਾ ਹੈ
ਇਹ ਦਮਨ ਹੀ ਉਦਾਸੀ ਹੈ
ਏਹੀ ਦਹਿਸ਼ਤ ਹੈ ਲਿਖੋ[15]

ਸਿਸਟਮ ਦੇ ਬਹੁਰੂਪਾਂ ਸੰਗ ਸੰਵਾਦ ਰਚਾਉਂਦੀ ਕਵੀ-ਸੰਵੇਦਨਾ ਦੀ ਵਿਲੱਖਣਤਾ ਇਹ ਹੈ ਕਿ ਇਹ ਜਿਹੜੇ ਤਨਾਉ ਨੂੰ ਵੀ ਉਜਾਗਰ ਕਰਦੀ ਹੈ ਉਹ ਮਾਨਵੀ ਹੋਣੀ ਦੇ ਬਹੁ ਸੱਚਾਂ, ਵਿਚਰਨ ਪ੍ਰਬੰਧਾਂ, ਵਿਚਰਨ ਵਿਧੀਆਂ ਤੇ ਸੰਤਾਪਾਂ ਤੀਕ ਫੈਲਦਾ ਹੈ।

ਪਾਤਰ-ਕਾਵਿ ਵਿਚਲੇ ਤਨਾਉ-ਨੇਮਾਂ/ਵਰਗਾਂ ਉੱਪਰ ਚਿੰਤਨ ਨੂੰ ਸਾਰਬੱਧ ਕਰਨ ਵੱਲ ਵੱਧਦਿਆਂ ਇਕ ਦੋ ਜ਼ਰੂਰੀ ਗੱਲਾਂ ਹੋਰ ਕਰਨੀਆਂ ਬਣਦੀਆਂ ਹਨ।

ਬੋਧ ਪ੍ਰਾਪਤੀ ਕਿਸੇ ਸ਼ਾਇਰ ਦੀ ਵੱਡੀ ਪ੍ਰਾਪਤੀ ਹੁੰਦੀ ਹੈ। ਪਾਤਰ ਪਾਸ ਸ਼ਬਦ, ਅਰਥ, ਸੰਗੀਤ, ਸੁਹਜ, ਤਕਨੀਕ, ਦਰਸ਼ਨ, ਸਭਿਆਚਾਰ, ਸੰਸਕ੍ਰਿਤੀ, ਸੰਸਾਰਕਤਾ ਤੇ ਸਥਾਨਕਤਾ ਦਾ ਗਿਆਨ ਹੈ। ਇਸ ਗਿਆਨ ਨੂੰ ਅਨੁਭਵੀ-ਵਿਹਾਰਕੀ ਚਿੰਤਨ ਅਤੇ ਸੂਖਮ ਸੰਵੇਦਨਾ ਸੰਗ ਰਿੜਕਦਾ ਹੈ। ਜਿਸ ਵਿੱਚੋਂ ਉਸਦਾ ਮੌਲਿਕ ਕਾਵਿ-ਬੋਧ ਜਨਮਦਾ ਹੈ।

'ਹਨੇਰੇ ਵਿਚ ਸੁਲਗਦੀ ਵਰਣਮਾਲਾ' ਪੁਸਤਕ ਦੀ ਆਦਿਕਾ ਵਿਚ ਜਦੋਂ ਉਹ ਆਪਣੇ ਕਾਵਿ ਦੀਆਂ ਸ਼ਾਖ਼ਾਵਾਂ ਦੀ ਗੱਲ ਕਰਦਾ ਹੈ ਤਾਂ ਇਸ ਨੂੰ ਆਪਣੇ ਲਹੂ ਦੀ ਲਿੱਪੀ ਦੇ ਉਦਾਸ ਅੱਖਰ, ਹਨ੍ਹੇਰੇ ਦੇ ਹਰਫ਼, ਉਦਾਸ ਉਪਨਿਸ਼ਦ, ਤਪਦੀ ਤਵਾਰੀਖ਼, ਮੇਰਾ ਆਹਤ ਨਾਦ, ਇਕ ਸੁਲਗਦੀ ਕਿਤਾਬ ਤਕ ਤੇ ਫਿਰ ਪਿੰਡ ਤੋਂ ਪੁਸਤਕ ਤਕ ਪਹੁੰਚਦੀਆਂ ਧੁੰਦਲੀਆਂ ਸਤਰਾਂ ਦੀ ਪਗਡੰਡੀ ਨੂੰ ਮਾਂ ਦੀਆਂ ਉਦਾਸ ਵਿਯੋਗੀਆਂ ਅੱਖਾਂ ਤਕ, ਅੰਨ੍ਹੀ ਇੱਛਰਾਂ ਦੇ ਕੰਬਦੇ ਹੱਥਾਂ

ਤੋਂ ਪੂਰਨ ਦੇ ਚਿਹਰੇ ਤਕ, ਅੰਮ੍ਰਿਤ ਵੇਲੇ ਤੋਂ ਸ਼ਾਮ ਦੀ ਦਰਗਾਹ ਤਕ, ਉਦਾਸ ਅੱਖਾਂ ਦੀ ਖ਼ਾਮੋਸ਼ ਅਰਦਾਸ ਤਕ ਫੈਲਦੀ ਦੇਖਦਾ ਹੈ। ਅੱਖਰਾਂ ਨੂੰ ਛਾਤੀ ਵਿਚ ਜਗਦੇ ਦੀਵਿਆਂ ਵਜੋਂ ਚਿਤਵਦਾ ਉਹ ਸੇਕ ਸਹਿੰਦੀ ਰੂਹ ਵਿਚੋਂ ਕਸ਼ੀਦ ਕੀਤੀਆਂ ਬੂੰਦਾਂ ਵਜੋਂ ਕਿਆਸਦਾ ਹੈ। ਇਸ ਧਰਾਤਲ 'ਤੇ ਖਲੋ ਕੇ ਜਾਪਦਾ ਹੈ ਕਿ ਇਹ ਕਾਵਿ ਖੁਸ਼ਹਾਲੀ, ਰੌਸ਼ਨਾਈ, ਸੁਨਹਿਰੀ ਆਸ਼ਨਾਈ ਤੋਂ ਵਿਰਵਾ ਹੈ ਪਰ ਕਵੀ ਦੀ ਤਣਾਉ-ਸੋਝੀ ਅਤੇ ਬੋਧ ਦਾ ਜਲਵਾ ਹੈ ਜਿਹੜਾ ਕਿ ਪਾਠ-ਪ੍ਰਕਿਰਤੀ ਦੀ ਸਾਰੀ ਦੀ ਸਾਰੀ ਉਦਾਸੀ ਭਰੀ ਤਿੜਕੀ ਅਭਿਵਿਅਕਤੀ ਨੂੰ ਜਾਗਰਤੀ-ਪ੍ਰਵਚਨ ਵਿਚ ਰੂਪਾਂਤਰਿਤ ਕਰ ਦਿੰਦਾ ਹੈ। ਲਘੂ ਮਨੁੱਖ ਦੀ ਅੰਤਰੀਵਤਾ, ਯੁਗ ਦੀਆਂ ਵਿਸੰਗਤੀਆਂ, ਧਰਾਤਲੀ ਖੰਡਿਤਾਵਾਂ ਤੇ ਸਥਾਪਤੀ ਦੀਆਂ ਕੁਚੱਜਤਾਵਾਂ ਅਤੇ ਅਸਤਿੱਤਵੀ ਵਿਡੰਬਨਾਵਾਂ ਸੰਗ ਸੰਵਾਦ ਵਕਤ ਉਹ ਕਾਵਿ-ਯੋਗਤਾ ਅਤੇ ਨਿਭਾਉ ਨੂੰ ਅਜਿਹੀ ਸੋਝੀ ਸੰਗ ਸੁਰਬੱਧ ਕਰਦਾ ਹੈ ਕਿ ਪੜਾਅ ਦਰ ਪੜਾਅ ਮੁਖ਼ਤਲਿਫ਼ ਤਣਾਵਾਂ ਪਾਸ ਠਹਿਰਦਾ, ਗੋਸ਼ਟੀਆਂ ਰਚਾਉਂਦਾ, ਖੰਡਿਤ ਮਾਨਵੀ ਅਸਤਿਤਵ ਅਤੇ ਲਘੂ ਸਥਿਤੀ ਤੋਂ ਪਾਰ ਜਾਣ ਦੀ ਤਾਂਘ-ਸੁਰ ਛੇੜ ਦਿੰਦਾ ਹੈ :

ਹੁਣ ਨਹੀਂ ਤਾਂ ਕੁਝ ਦਿਨ ਅਟਕ ਕੇ ਸਹੀ
ਮਨ 'ਤੇ ਪਈਆਂ
ਅਨੇਕਾਂ ਸਿਆਹ ਰਾਤਾਂ 'ਚ ਭਟਕ ਕੇ ਸਹੀ
ਕੀ ਠੀਕ ਹੈ ਕੀ ਗ਼ਲਤ
ਇਸ ਦੁਬਿਧਾ ਦੀ ਸਲੀਬ 'ਤੇ
ਲਗਾਤਾਰ ਲਟਕ ਕੇ ਸਹੀ
ਦ੍ਰਿਸ਼ ਵਿਚ ਜੋ ਕੁਝ ਮੈਲਾ ਹੈ
ਉਸ ਵੱਲ ਉਂਗਲ ਚੁੱਕਣਾ ਜ਼ਰੂਰੀ ਹੈ
ਦ੍ਰਿਸ਼ਟੀ 'ਤੇ ਜ਼ਰਾ ਕੁ ਦਾਗ਼ ਪਵੇ
ਤੜਪ ਉਠਣਾ ਜ਼ਰੂਰੀ ਹੈ
ਨਹੀਂ ਤਾਂ ਆਤਮਾ ਵਿਚ ਏਨਾ ਸ਼ੋਰ ਬੁਣਿਆ ਜਾਵੇਗਾ
ਨਾ ਕੁਝ ਠੀਕ ਤਰ੍ਹਾਂ ਆਖਿਆ
ਨਾ ਸੁਣਿਆ ਜਾਵੇਗਾ
ਸਭ ਠੀਕ ਹੈ, ਸਭ ਚਲਦਾ ਹੈ

ਏਹੀ ਵਾਕ, ਬਹੁਤ ਗਹਿਰਾ
ਮਨ ਵਿਚ ਖੁਭਿਆ ਜਾਵੇਗਾ[16]

---

[1] Tate, Allen. The man of letters in the modern world. Meridian books. New York. 1955. P-64-77

[2] ਸੁਰਜੀਤ ਪਾਤਰ. ਹਨੇਰੇ ਵਿਚ ਸੁਲਗਦੀ ਵਰਣਮਾਲਾ. ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2020, ਪੰਨਾ-11

[3] ਓਹੀ, ਪੰਨਾ-118

[4] ਓਹੀ, ਪੰਨਾ-40-41

[5] ਓਹੀ, ਪੰਨਾ-16-17

[6] ਓਹੀ, ਪੰਨਾ-63

[7] ਓਹੀ, ਪੰਨਾ-67

[8] ਓਹੀ, ਪੰਨਾ-125

[9] ਓਹੀ, ਪੰਨਾ-24

[10] ਓਹੀ, ਪੰਨਾ-10-11

[11] ਓਹੀ, ਪੰਨਾ-28-29

[12] ਓਹੀ, ਪੰਨਾ-34

[13] ਓਹੀ, ਪੰਨਾ-52

[14] ਓਹੀ, ਪੰਨਾ-84

[15] ਓਹੀ, ਪੰਨਾ-109-112

[16] ਓਹੀ, ਪੰਨਾ-88